# ਪ੍ਰੋਗਰਾਮਾਂ ਦਾ ਟੂਰ ਲਾਉਣ ਵੇਲੇ ਦੇਖਣ ਵਾਲੀਆਂ 10 ਚੀਜ਼ਾਂ

1. ਪ੍ਰੋਗਰਾਮ ਦੀ ਤਰਜੀਹ ਕੀ ਹੈ: ਅਕਾਦਮਿਕ, ਰੁਜ਼ਗਾਰ, ਮਨੋਰੰਜਨ ਦੀਆਂ ਨਿਯਮਬੱਧ ਸਰਗਰਮੀਆਂ, ਕੰਮ ਤੋਂ ਪਹਿਲਾਂ ਲਈ ਤਿਆਰੀ?

2. ਕੀ ਪ੍ਰੋਗਰਾਮ ਦਾ ਮਾਹੌਲ ਸੁਆਗਤ ਕਰਨ ਵਾਲਾ ਹੈ? ਕੀ ਵਿਅਕਤੀ ਟਰੇਨਿੰਗ ਦੀਆਂ ਢਾਂਚਾਗਤ ਅਤੇ ਨਿਯਮਬੱਧ ਸਰਗਰਮੀਆਂ ਦੀ ਪਾਲਣਾ ਕਰਦੇ ਹਨ?

3. ਪ੍ਰੋਗਰਾਮ ਵਿਚਲੇ ਖਪਤਕਾਰਾਂ (ਕੰਜ਼ਿਊਮਰਜ਼) ਦੀ ਔਸਤ ਉਮਰ ਕੀ ਹੈ?

4. ਖਪਤਕਾਰ ਦੇ ਹੱਕ ਪ੍ਰੋਗਰਾਮ ਵਿਚ ਕਿਵੇਂ ਸਿਖਾਏ ਅਤੇ ਸ਼ਾਮਲ ਕੀਤੇ ਜਾਂਦੇ ਹਨ? ਕੀ ਹੱਕ ਅਤੇ ਸ਼ਿਕਾਇਤ ਕਰਨ ਦੇ ਤਰੀਕੇ ਕਿਸੇ ਅਜਿਹੀ ਥਾਂ ਉੱਤੇ ਲਗਾਏ ਗਏ ਹਨ ਜਿੱਥੇ ਮੈਂ ਉਨ੍ਹਾਂ ਨੂੰ ਦੇਖ ਸਕਦਾ/ਸਕਦੀ ਹਾਂ?

5. ਸਰਵਿਸ ਦਾ ਸਮਾਂ ਕੀ ਹੈ? ਹਾਜ਼ਰੀ ਦੀਆਂ ਸ਼ਰਤਾਂ ਕੀ ਹਨ?

6. ਕੀ ਇਹ ਪ੍ਰੋਗਰਾਮ ਬਾਲਗਪੁਣੇ ਲਈ ਤਿਆਰ ਹੋਣ ਵਿਚ ਵਿਅਕਤੀਆਂ ਦੀ ਮਦਦ ਕਰਦਾ ਹੈ? ਕਿਵੇਂ?

7. ਜੇ ਇਹ ਪ੍ਰੋਗਰਾਮ ਰੁਜ਼ਗਾਰ ਲੱਭਣ ਵਿਚ ਮਦਦ ਕਰਦਾ ਹੈ ਤਾਂ ਕਿੰਨੀ ਕੁ ਕਮਾਈ ਦੀ ਸੰਭਾਵਨਾ ਹੈ?

8. ਕੀ ਭੇਤ ਵਾਲੀ ਜਾਣਕਾਰੀ ਕਿਸੇ ਸੁਰੱਖਿਅਤ ਥਾਂ 'ਤੇ ਰੱਖੀ ਜਾਂਦੀ ਹੈ ਤਾਂ ਜੋ ਮੇਰੀ ਜਾਣਕਾਰੀ ਸੁਰੱਖਿਅਤ ਰਹੇ?

9. ਇਸ ਪ੍ਰੋਗਰਾਮ ਲਈ ਗੱਲਬਾਤ ਕਰਨ ਦੇ ਕਿਸੇ ਤਰ੍ਹਾਂ ਦੇ ਸਟਾਇਲ ਵਰਤੇ ਜਾਂਦੇ ਹਨ? ਕੀ ਸਟਾਫ ਟੂਰ ਦੌਰਾਨ ਹੋਰਨਾਂ ਨਾਲ ਇਹ ਵਰਤ ਰਿਹਾ ਹੈ?

10. ਕੀ ਸਟਾਫ ਇਹ ਜੌਬ ਕਰਨ ਲਈ ਟਰੇਂਡ ਅਤੇ ਤਿਆਰ ਦਿਖਾਈ ਦਿੰਦਾ ਹੈ? ਜਦੋਂ ਤੁਸੀਂ ਉਨ੍ਹਾਂ ਨਾਲ ਗੱਲ ਕਰਦੇ ਹੋ ਤਾਂ ਕੀ ਉਹ ਟੀਮ ਵਜੋਂ ਕੰਮ ਕਰਨ ਅਤੇ ਹੱਲ ਲੱਭਣ ਵਿਚ ਮਦਦ ਕਰਨ ਦੇ ਖਾਹਸ਼ਮੰਦ ਹਨ?

# ਦਿਨ ਦੇ ਪ੍ਰੋਗਰਾਮਾਂ ਦੀਆਂ ਕਿਸਮਾਂ

**055 – ਕਮਿਊਨਟੀ ਇਨਟਿਗਰੇਸ਼ਨ ਟਰੇਨਿੰਗ ਪ੍ਰੋਗਰਾਮ**

ਆਮ ਤੌਰ 'ਤੇ ਇਕ ਘਟਣ ਵਧਣ ਵਾਲੇ ਅਨੁਪਾਤ ਵਾਲਾ, ਕਮਿਊਨਟੀ ਆਧਾਰਿਤ (ਲਾਇਸੰਸਸ਼ੁਦਾ ਸਥਾਨ ਨਹੀਂ) ਦਿਨ ਦਾ ਪ੍ਰੋਗਰਾਮ ਜਿਸ ਕੋਲ ਕੋਈ ਅਜਿਹਾ ਪ੍ਰੋਗਰਾਮ ਹੋ ਸਕਦਾ ਹੈ ਜਿਹੜਾ ਬਹੁਤ ਹੀ ਖਾਸ ਲੋੜਾਂ ਵਾਲੇ ਕਲਾਇੰਟਾਂ ਨੂੰ ਸਰਵਿਸ ਦੇਣ 'ਤੇ ਜ਼ੋਰ ਪਾਉਂਦਾ ਹੋਵੇ ਜਿਹੜੇ ਸ਼ਾਇਦ ਸਰਵਿਸ ਕੋਡ 505, 510, ਜਾਂ 515 ਰਾਹੀਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਰਵਿਸ ਦੀਆਂ ਚੋਣਾਂ ਲਈ ਢੁਕਵਾਂ ਮੇਲ ਨਾ ਹੋਣ।

**505 – ਐਕਟੀਵਿਟੀ ਸੈਂਟਰ**

ਦਿਨ ਦਾ ਇਕ ਪ੍ਰੋਗਰਾਮ ਜਿਹੜਾ ਆਮ ਤੌਰ 'ਤੇ ਉਨ੍ਹਾਂ ਬਾਲਗਾਂ ਨੂੰ ਸੇਵਾਵਾਂ ਦਿੰਦਾ ਹੈ ਜਿਨ੍ਹਾਂ ਨੇ ਸਵੈ-ਸੰਭਾਲ ਦੇ ਬਹੁਤੇ ਹੁਨਰ ਗ੍ਰਹਿਣ ਕਰ ਲਏ ਹੋਣ, ਜਿਨ੍ਹਾਂ ਕੋਲ ਹੋਰਨਾਂ ਨਾਲ ਸਹਿਯੋਗ ਕਰਨ ਦੀ ਕੁਝ ਸਮਰੱਥਾ ਹੋਵੇ, ਜਿਹੜੇ ਆਪਣੀਆਂ ਲੋੜਾਂ ਦੱਸਣ ਦੇ ਯੋਗ ਹੋਣ ਅਤੇ ਹਿਦਾਇਤਾਂ ਨੂੰ ਸਮਝਣ ਦੇ ਯੋਗ ਹੋਣ। ਐਕਟੀਵਿਟੀ ਸੈਂਟਰ ਦੇ ਪ੍ਰੋਗਰਾਮ ਅਮਲੀ ਹੁਨਰਾਂ ਦੇ ਵਿਕਾਸ ਅਤੇ ਸੰਭਾਲ ਵੱਲ ਧਿਆਨ ਦਿੰਦੇ ਹਨ ਜਿਹੜੇ ਸਵੈ-ਹਿਮਾਇਤ, ਕਮਿਊਨਟੀ ਵਿਚ ਮੇਲਜੋਲ ਅਤੇ ਰੁਜ਼ਗਾਰ ਲਈ ਲੋੜੀਂਦੇ ਹਨ। ਇਨ੍ਹਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:6 ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ (ਨਿਯਮਾਂ ਵਿਚ ਸਟਾਫ ਤੋਂ ਕਲਾਇੰਟ ਦੇ 1:7 ਜਾਂ 1:8 ਦੇ ਅਨੁਪਾਤ ਲਈ ਮਨਜ਼ੂਰੀ ਦੀ ਗੁੰਜ਼ਾਇਸ਼ ਨਾਲ)।

**510 – ਅਡੱਲਟ ਡਿਵੈਲਪਮੈਂਟ ਸੈਂਟਰ**

ਬਾਲਗਾਂ ਲਈ ਦਿਨ ਦਾ ਇਕ ਪ੍ਰੋਗਰਾਮ ਜਿਹੜਾ ਸਵੈ-ਮਦਦ ਦੇ ਹੁਨਰ ਗ੍ਰਹਿਣ ਕਰ ਰਹੇ ਬਾਲਗਾਂ ਨੂੰ ਸਰਵਿਸ ਦਿੰਦਾ ਹੈ। ਅਡੱਲਟ ਡਿਵੈਲਪਮੈਂਟ ਸੈਂਟਰਾਂ ਵਿਚ ਜਾ ਰਹੇ ਵਿਅਕਤੀਆਂ ਨੂੰ ਹੋਰ ਲੋਕਾਂ ਨਾਲ ਤਾਲਮੇਲ ਕਰਨ ਦੀ ਸਮਰੱਥਾ ਵਿਕਸਤ ਕਰਨ ਲਈ, ਆਪਣੀਆਂ ਲੋੜਾਂ ਦੱਸਣ ਲਈ, ਅਤੇ ਹਿਦਾਇਤਾਂ ਦਾ ਹੁੰਗਾਰਾ ਭਰਨ ਲਈ ਆਮ ਤੌਰ 'ਤੇ ਲਗਾਤਾਰ ਮਦਦ ਅਤੇ ਸੇਧ ਦੀ ਲੋੜ ਹੁੰਦੀ ਹੈ। ਅਡੱਲਟ ਡਿਵੈਲਪਮੈਂਟ ਸੈਂਟਰ ਦੇ ਪ੍ਰੋਗਰਾਮ ਅਮਲੀ ਹੁਨਰਾਂ ਦੇ ਵਿਕਾਸ ਅਤੇ ਸੰਭਾਲ ਵੱਲ ਧਿਆਨ ਦਿੰਦੇ ਹਨ ਜਿਹੜੇ ਸਵੈ-ਹਿਮਾਇਤ, ਕਮਿਊਨਟੀ ਵਿਚ ਮੇਲਜੋਲ, ਰੁਜ਼ਗਾਰ ਅਤੇ ਸਵੈ-ਸੰਭਾਲ ਲਈ ਚਾਹੀਦੇ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:4 ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ (ਨਿਯਮਾਂ ਵਿਚ ਸਟਾਫ ਤੋਂ ਕਲਾਇੰਟ ਦੇ 1:3 ਦੇ ਅਨੁਪਾਤ ਲਈ ਮਨਜ਼ੂਰੀ ਦੀ ਗੁੰਜ਼ਾਇਸ਼ ਨਾਲ)।

**515 – ਬੀਹੇਵੀਅਰ ਮੈਨੇਜਮੈਂਟ ਪ੍ਰੋਗਰਾਮ**

ਕਮਿਊਨਟੀ ਆਧਾਰਿਤ ਦਿਨ ਦਾ ਇਕ ਪ੍ਰੋਗਰਾਮ ਜਿਹੜਾ ਵਤੀਰਿਆਂ ਦੇ ਗੰਭੀਰ ਵਿਗਾੜਾਂ ਅਤੇ/ਜਾਂ ਡਿਊਲ ਡਾਇਗਨੋਸਿਸ ਵਾਲੇ ਬਾਲਗਾਂ ਨੂੰ ਸੇਵਾਵਾਂ ਦਿੰਦਾ ਹੈ ਜਿਹੜੇ ਆਪਣੇ ਵਤੀਰੇ ਦੀਆਂ ਸਮੱਸਿਆਵਾਂ ਕਰਕੇ ਕਮਿਊਨਟੀ ਆਧਾਰਿਤ ਦਿਨ ਦੇ ਕਿਸੇ ਹੋਰ ਪ੍ਰੋਗਰਾਮ ਲਈ ਯੋਗ ਨਹੀਂ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਆਮ ਤੌਰ 'ਤੇ ਸਟਾਫ ਤੋਂ ਕਲਾਇੰਟ ਦੇ 1:3 ਅਨੁਪਾਤ 'ਤੇ ਨਿਗਰਾਨੀ ਕੀਤੀ ਜਾਂਦੀ ਹੈ।

**063 – ਕਮਿਊਨਟੀ ਐਕਟੀਵਿਟੀਜ਼ ਸਪੋਰਟਡ ਸਰਵਿਸਿਜ਼**

ਆਮ ਤੌਰ 'ਤੇ ਅਸਥਿਰ ਅਨੁਪਾਤ ਅਤੇ ਸੀਮਤ ਸਮੇਂ ਵਾਲੀ ਕਮਿਊਨਟੀ ਆਧਾਰਿਤ ਸਰਵਿਸ ਜਿਸ ਦਾ ਕੋਈ ਪ੍ਰੋਗਰਾਮ ਹੋ ਸਕਦਾ ਹੈ ਜਿਹੜਾ ਬਹੁਤ ਹੀ ਖਾਸ ਲੋੜਾਂ ਵਾਲੇ ਖਪਤਕਾਰਾਂ ਨੂੰ ਸਰਵਿਸ ਦੇਣ 'ਤੇ ਜ਼ੋਰ ਦਿੰਦਾ ਹੋਵੇ। CASS ਦੇ ਪ੍ਰੋਗਰਾਮ, ਬਾਲਗਾਂ ਲਈ ਦਿਨ ਦੇ ਪ੍ਰੋਗਰਾਮ ਦੀਆਂ ਸੇਵਾਵਾਂ ਦੇਣ ਲਈ ਬਣਾਏ ਗਏ ਵੀ ਹੋ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ (ਜਿਵੇਂ ਆਰਜ਼ੀ ਰਿਹਾਇਸ਼ਾਂ ਦੇ ਪ੍ਰੋਗਰਾਮ, ਰੈਪਅਰਾਊਂਡ ਸੇਵਾਵਾਂ, ਆਦਿ)।

# ਪੁੱਛੇ ਜਾਣ ਵਾਲੇ ਸਵਾਲ

ਬਾਲਗਾਂ ਲਈ ਦਿਨ ਦੀ ਸਰਵਿਸ ਦੇ ਪ੍ਰੋਗਰਾਮ ਦੇਖਣ ਜਾਣ ਵੇਲੇ ਹਰ ਇਕ ਬਾਰੇ ਜ਼ਿਆਦਾ ਜਾਣਨ ਲਈ ਪੁੱਛੇ ਜਾਣ ਵਾਲੇ ਕੁਝ ਸਵਾਲ ਇਹ ਹਨ। ਫਿਰ ਇਹ ਫੈਸਲਾ ਕਰੋ ਕਿ ਕਿਹੜਾ ਪ੍ਰੋਗਰਾਮ ਤੁਹਾਡੇ ਬਾਲਗ ਦੀਆਂ ਲੋੜਾਂ ਨੂੰ ਸਭ ਤੋਂ ਬਿਹਤਰ ਪੂਰਾ ਕਰੇਗਾ।

ਮੈਂ ______________________________ (ਇਲਾਕਾ) ਵਿਚ ਰਹਿੰਦਾ/ਰਹਿੰਦੀ ਹਾਂ, ਤੁਹਾਡਾ ਪ੍ਰੋਗਰਾਮ ਕਿਹੜੇ ਇਲਾਕਿਆਂ ਵਿਚ ਸੇਵਾਵਾਂ ਦਿੰਦਾ ਹੈ?

**ਪ੍ਰੋਗਰਾਮ ਦੇ ਅੰਕੜੇ:**

1. ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਦੀ ਔਸਤ ਉਮਰ ਕੀ ਹੈ?
2. ਤੁਹਾਡੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਦੀ ਕਿੰਨੀ ਪ੍ਰਤੀਸ਼ਤ ਪਰਿਵਾਰ ਨਾਲ ਘਰ ਵਿਚ ਰਹਿੰਦੀ ਹੈ?
3. ਤੁਹਾਡੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਦੀ ਕਿੰਨੀ ਪ੍ਰਤੀਸ਼ਤ ਕੇਅਰ ਹੋਮਜ਼ ਵਿਚ ਰਹਿੰਦੀ ਹੈ?
4. ਤੁਹਾਡੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਦੀ ਕਿੰਨੀ ਪ੍ਰਤੀਸ਼ਤ ਆਜ਼ਾਦ ਰਹਿੰਦੀ ਹੈ?
5. ਪ੍ਰੋਗਰਾਮ ਵਿਚ ਕਿਹੜੀਆਂ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ?
6. ਤੁਹਾਡੇ ਪ੍ਰੋਗਰਾਮ ਵਿਚ ਕਿਸ ਕਿਸਮ ਦੇ ਖਪਤਕਾਰ ਹਨ? (ਜਿਵੇਂ ਰੁਜ਼ਗਾਰ, ਪੜ੍ਹਾਈ, ਕਮਿਊਨਟੀ ਤੱਕ ਪਹੁੰਚ, ਵਤੀਰੇ, ਸਵੈ-ਸੰਭਾਲ, ਫੋਰੈਂਜ਼ਿਕ, ਆਦਿ)

**ਨੋਟ:**

______________________________________________________________________

______________________________________________________________________

______________________________________________________________________

**ਪ੍ਰੋਗਰਾਮ ਦੀਆਂ ਸੇਵਾਵਾਂ:**

7. ਤੁਸੀਂ ਕਿੰਨੇ ਚਿਰ ਤੋਂ ਬਿਜ਼ਨਸ ਵਿਚ ਹੋ?
8. ਤੁਹਾਡੇ ਪ੍ਰੋਗਰਾਮ ਦਾ ਆਕਾਰ ਕੀ ਹੈ?
9. ਜਿਵੇਂ ਵੀ ਲਾਗੂ ਹੁੰਦਾ ਹੋਵੇ, ਤੁਸੀਂ ਸੰਭਾਲ ਕਰਨ ਵਾਲਿਆਂ ਤੱਕ ਤਬਦੀਲੀ ਬਾਰੇ ਗੱਲਬਾਤ ਕਿਵੇਂ ਕਰਦੇ ਹੋ?
10. ਰੋਜ਼ਾਨਾ ਰਹਿਣੀ-ਬਹਿਣੀ ਦੀਆਂ ਕਿਹੜੀਆਂ ਗੱਲਾਂ ਲਈ ਤੁਸੀਂ ਸੇਵਾਵਾਂ ਦੇਣ ਦੇ ਯੋਗ ਹੋ (ਜਿਵੇਂ ਖਾਣਾ ਖਿਲਾਉਣਾ, ਨਹਾਉਣਾ, ਕੱਪੜੇ ਬਦਲਣਾ, ਅਤੇ ਦਰਵਾਜ਼ੇ ਖੋਲ੍ਹਣਾ)?
11. ਪ੍ਰੋਗਰਾਮ ਦੇ ਸਮੇਂ ਦੌਰਾਨ ਕੀ ਤੁਸੀਂ ਦਵਾਈਆਂ ਦੇਣ ਵਿਚ ਮਦਦ ਕਰਦੇ ਹੋ?
12. ਕੀ ਪ੍ਰੋਗਰਾਮ ਸਰਗਰਮੀਆਂ ਲਈ ਪੈਸੇ ਇਕੱਠੇ ਕਰਦਾ ਹੈ? ਮੇਰੇ ਪੈਸੇ ਸੁਰੱਖਿਅਤ ਕਿਵੇਂ ਰੱਖੇ ਜਾਣਗੇ?

**ਨੋਟ:**

______________________________________________________________________

______________________________________________________________________

______________________________________________________________________

**ਪ੍ਰੋਗਰਾਮ ਦਾ ਪਾਠਕ੍ਰਮ ਅਤੇ ਸਰਗਰਮੀਆਂ:**

13. ਕੀ ਪ੍ਰੋਗਰਾਮ ਕਮਿਊਨਟੀ ਵਿਚ ਮੇਲਜੋਲ ਦੀਆਂ ਸਰਗਰਮੀਆਂ ਪ੍ਰਦਾਨ ਕਰਦਾ ਹੈ?
14. ਕੀ ਪ੍ਰੋਗਰਾਮ ਕੋਲ ਕੋਈ ਸਥਾਨ ਹੈ ਜਿੱਥੇ ਸਰਗਰਮੀਆਂ ਪ੍ਰਦਾਨ ਕੀਤੀਆਂ ਜਾਂਦੀਆ ਹਨ?
15. ਕੀ ਪ੍ਰੋਗਰਾਮ ਕੰਮ ਦੀ ਟਰੇਨਿੰਗ ਦਿੰਦਾ ਹੈ?
16. ਕੀ ਪ੍ਰੋਗਰਾਮ ਅਜਿਹਾ ਕੰਮ ਪ੍ਰਦਾਨ ਕਰਦਾ ਹੈ ਜਿਸ ਵਿਚ ਹਿੱਸਾ ਲੈਣ ਵਾਲੇ ਘੱਟੋ ਘੱਟ ਤਨਖਾਹ ਜ਼ਰੂਰ ਲੈਂਦੇ ਹਨ?

17. ਕੀ ਪ੍ਰੋਗਰਾਮ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਦੇ ਵੱਖ ਵੱਖ ਪੱਧਰਾਂ ਵਾਲੇ ਹਿੱਸੇਦਾਰਾਂ ਨਾਲ ਕੰਮ ਕਰਨ ਦੇ ਯੋਗ ਹੈ?
18. ਕੀ ਪ੍ਰੋਗਰਾਮ ਦਿਨ ਭਰ ਵੱਖ ਵੱਖ ਤਰ੍ਹਾਂ ਦੀਆਂ ਸਰਗਰਮੀਆਂ ਪੇਸ਼ ਕਰਦਾ ਹੈ ਜਿਹੜੀਆਂ ਦਿਲਚਸਪ ਅਤੇ ਧਿਆਨ ਖਿੱਚਣ ਵਾਲੀਆਂ ਹੁੰਦੀਆਂ ਹਨ?
19. ਤੁਸੀਂ ਇਹ ਫੈਸਲਾ ਕਿਵੇਂ ਕਰਦੇ ਹੋ ਕਿ ਕਿਹੜੀਆਂ ਸਰਗਰਮੀਆਂ ਦਿੱਤੀਆਂ ਜਾਣੀਆਂ ਹਨ?
20. ਹਿੱਸਾ ਲੈਣ ਵਾਲੇ ਕਿਸ ਕਿਸਮ ਦੀਆਂ ਚੀਜ਼ਾਂ ਕਰਨਾ ਪਸੰਦ ਕਰਦੇ ਹਨ? ਕੀ ਮੈਂ ਇਸ ਲਈ ਠੀਕ ਹਾਂ?
21. ਗੱਲਬਾਤ ਕਰਨ ਲਈ ਕਿਹੜੇ ਤਰੀਕੇ ਵਰਤੇ ਜਾਂਦੇ ਹਨ – ਤਸਵੀਰਾਂ, ਢੁਕਵੇਂ ਸਾਈਨ?

**ਨੋਟ:**

________________________________________

________________________________________

________________________________________

**ਪ੍ਰੋਗਰਾਮ ਦਾ ਸਟਾਫ:**

22. ਸਟਾਫ ਦੀਆਂ ਯੋਗਤਾਵਾਂ ਅਤੇ ਤਜਰਬੇ ਦੀਆਂ ਸ਼ਰਤਾਂ ਕੀ ਹਨ?
23. ਪ੍ਰੋਗਰਾਮ ਦੇ ਮੈਨੇਜਰ/ਡਾਇਰੈਕਟਰ ਦੀਆਂ ਯੋਗਤਾਵਾਂ ਅਤੇ ਤਜਰਬੇ ਦੀਆਂ ਸ਼ਰਤਾਂ ਕੀ ਹਨ?
24. ਤੁਸੀਂ ਨਵੇਂ ਸਟਾਫ ਨੂੰ, ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਨਾਲ ਕੰਮ ਕਰਨ ਲਈ ਤਿਆਰ ਕਿਵੇਂ ਕਰਦੇ ਹੋ?
25. ਕੀ ਸਟਾਫ ਨੂੰ ਨੇਮ ਨਾਲ ਲਗਾਤਾਰ ਟਰੇਨਿੰਗ ਦਿੱਤੀ ਜਾਂਦੀ ਹੈ?
26. ਮੇਰੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਸਟਾਫ ਨੂੰ ਟਰੇਂਡ ਕਿਵੇਂ ਕੀਤਾ ਜਾਵੇਗਾ?
27. ਸਟਾਫ ਦਾ ਅਨੁਪਾਤ ਕੀ ਹੈ?
28. ਹਿੱਸਾ ਲੈਣ ਵਾਲਿਆਂ ਦਾ ਗਰੁੱਪ ਕਿਵੇਂ ਬਣਾਇਆ ਜਾਂਦਾ ਹੈ?
29. ਕੀ ਸਟਾਫ ਹਰ ਰੋਜ਼ ਓਹੀ ਹਿੱਸਾ ਲੈਣ ਵਾਲਿਆਂ ਨਾਲ ਕੰਮ ਕਰਦਾ ਹੈ?

**ਨੋਟ:**

________________________________________

________________________________________

________________________________________

**ਪਹੁੰਚਯੋਗਤਾ:**

30. ਕੀ ਮੇਰੇ ਰਹਿਣ ਵਾਲੀ ਥਾਂ ਤੋਂ ਇਸ ਪ੍ਰੋਗਰਾਮ ਲਈ ਆਉਣ ਜਾਣ ਦਾ ਪ੍ਰਬੰਧ ਹੈ?
31. ਜੇ ਹਿੱਸਾ ਲੈਣ ਵਾਲੇ ਰੀਜਨਲ ਟ੍ਰਾਂਜ਼ਿਟ ਪਬਲਿਕ ਟ੍ਰਾਂਸਪੋਰਟੇਸ਼ਨ ਵਰਤਦੇ ਹੋਣ ਤਾਂ ਕੀ ਉਨ੍ਹਾਂ ਲਈ ਪ੍ਰੋਗਰਾਮ ਲਈ ਆਉਣ ਅਤੇ ਵਾਪਸ ਜਾਣ ਲਈ ਨੇੜੇ ਬੱਸਾਂ ਦੇ ਰੂਟ ਹਨ?
32. ਕੀ ਪ੍ਰੋਗਰਾਮ ਹਿੱਸਾ ਲੈਣ ਵਾਲਿਆਂ ਨੂੰ ਇਹ ਸਿਖਲਾਈ ਦੇਣ ਦੀ ਪੇਸ਼ਕਸ਼ ਕਰੇਗਾ ਕਿ ਪਬਲਿਕ ਟ੍ਰਾਂਸਪੋਰਟੇਸ਼ਨ ਦੀ ਵਰਤੋਂ ਕਿਵੇਂ ਕਰਨੀ ਹੈ?
33. ਤੁਸੀਂ ਆਵਾਜਾਈ ਲਈ ਵਰਤੀਆਂ ਜਾਣ ਵਾਲੀਆਂ ਗੱਡੀਆਂ ਦੀ ਸੰਭਾਲ ਦੀ ਨਿਗਰਾਨੀ ਕਿਵੇਂ ਕਰਦੇ ਹੋ?

**ਨੋਟ:**

________________________________________

________________________________________

________________________________________

**ਪ੍ਰੋਗਰਾਮ ਦੀਆਂ ਸ਼ਰਤਾਂ:**

34. ਦਾਖਲ ਹੋਣ ਦੀ ਕੀ ਸ਼ਰਤ ਹੈ? ਕੀ ਮੈਂ ਇਹ ਸ਼ਰਤ ਪੂਰੀ ਕਰਦਾ/ਕਰਦੀ ਹਾਂ?

35. ਕੀ ਹਾਜ਼ਰੀ ਦੀ ਸ਼ਰਤ ਵਾਜਬ ਲੱਗਦੀ ਹੈ?
36. ਸਰਵਿਸ ਦੇ ਘੰਟੇ ਕੀ ਹਨ?
37. ਕੀ ਸਰਵਿਸ ਦੇ ਘੰਟਿਆਂ ਵਿਚ ਆਉਣ ਜਾਣ ਦਾ ਸਮਾਂ ਸ਼ਾਮਲ ਹੈ?
38. ਜੇ ਇਹ ਕੰਮ ਦਾ ਪ੍ਰੋਗਰਾਮ ਹੈ ਤਾਂ ਕੰਮ-ਮਾਲਕ ਦੀਆਂ ਉਮੀਦਾਂ ਕੀ ਹਨ?
39. ਇਹ ਪ੍ਰੋਗਰਾਮ ਆਪਣੀ ਕਾਰਗੁਜ਼ਾਰੀ ਦਾ ਅਨੁਮਾਨ ਕਿਵੇਂ ਲਾਉਂਦਾ ਹੈ?
40. ਇਹ ਪ੍ਰੋਗਰਾਮ ਮੇਰੇ ਵਿਚਾਰਾਂ ਅਤੇ ਸੁਝਾਵਾਂ ਨੂੰ ਕਿਵੇਂ ਵਰਤਦਾ ਹੈ?

ਇਹ ਪ੍ਰੋਗਰਾਮ ਵਤੀਰੇ ਵਿਚ ਕਿਹੜੀਆਂ ਦਖਲਅੰਦਾਜ਼ੀਆਂ ਅਤੇ ਤਕਨੀਕਾਂ ਦੀ ਪਾਲਣਾ ਕਰਦਾ ਹੈ:

1. ______________________________
2. ______________________________
3. ______________________________
4. ______________________________

**ਨੋਟ:**

______________________________________________________________

______________________________________________________________

______________________________________________________________

ਵੱਖ ਵੱਖ ਪ੍ਰੋਗਰਾਮ ਦੇਖਣ ਜਾਣ ਤੋਂ ਬਾਅਦ, ਉਨ੍ਹਾਂ ਚੀਜ਼ਾਂ ਬਾਰੇ ਸੋਚਣ ਲਈ ਮਿੰਟ ਕੁ ਲਗਾਉ ਜਿਹੜੀਆਂ ਤੁਸੀਂ ਪ੍ਰੋਗਰਾਮ ਬਾਰੇ ਸਭ ਤੋਂ ਜ਼ਿਆਦਾ ਪਸੰਦ ਕੀਤੀਆਂ, ਉਹ ਖੇਤਰ ਜਿਨ੍ਹਾਂ ਬਾਰੇ ਤੁਸੀਂ ਹੋਰ ਜਾਣਕਾਰੀ ਚਾਹੋਗੇ ਜਾਂ ਜਿਹੜੇ ਤੁਹਾਡੇ ਸਵਾਲ ਪਲੈਨਿੰਗ ਟੀਮ ਵਲੋਂ ਵਿਚਾਰੇ ਜਾਣ ਲਈ ਹਨ। ਚੇਤੇ ਰੱਖਣ ਵਿਚ ਆਪਣੀ ਮਦਦ ਲਈ ਕਿਰਪਾ ਕਰਕੇ ਆਪਣੇ ਨੋਟ ਹੇਠਾਂ ਲਿਖ ਲਉ।

ਪ੍ਰੋਗਰਾਮ ਦਾ ਨਾਂ:

---

---

---

ਪ੍ਰੋਗਰਾਮ ਦਾ ਨਾਂ:

---

---

---

ਪ੍ਰੋਗਰਾਮ ਦਾ ਨਾਂ:

---

---

---

ਪ੍ਰੋਗਰਾਮ ਦਾ ਨਾਂ:

---

---

---

ਪ੍ਰੋਗਰਾਮ ਦਾ ਨਾਂ:

---

---

---